This question paper contains 2 printed pages]

**Roll No.** | | | | | | | | | | | |

S. No. of Question Paper : **772**

Unique Paper Code : **212652** **D**

Name of the Paper : **Punjabi Discipline-B (Optional)**

Name of the Course : **B.A. (Programme), Punjabi Discipline Course-B**

Semester : **VI**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਪਾਠ-ਪੁਸਤਕ 'ਪੰਜਾਬੀ ਸਵੈ-ਜੀਵਨੀ ਅੰਸ਼' ਦੇ ਪਾਠਾਂ ਦੇ ਆਧਾਰ 'ਤੇ ਸਵੈ-ਜੀਵਨੀ ਕਲਾ ਉਪਰ ਵੇਰਵੇ ਸਹਿਤ ਰੌਸ਼ਨੀ ਪਾਓ। 15

**ਜਾਂ**

ਉਪਰੋਕਤ ਪਾਠ-ਪੁਸਤਕ ਵਿਚ ਪੇਸ਼ ਕਿਸੇ ਇਕ ਸਵੈ-ਜੀਵਨੀ ਅੰਸ਼ ਦਾ ਮੁਲਾਂਕਣ ਪੇਸ਼ ਕਰੋ।

2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:- 10

(ੳ) ਸਵੈ-ਜੀਵਨੀ ਬਾਰੇ ਤੁਸੀਂ ਕੀ ਜਾਣਦੇ ਹੋ? ਸੰਖੇਪ ਵਿਚ ਚਰਚਾ ਕਰੋ।

(ਅ) ਹੇਠ ਦਿੱਤੇ ਸਵੈ-ਜੀਵਨੀ ਅੰਸ਼ਾਂ ਵਿਚੋਂ ਕੋਈ **ਇਕ** ਦੀ ਚਰਚਾ ਕਰੋ:

ਕਿਸ ਪਹਿ ਖੋਲਉ ਗੰਠੜੀ, ਆਪਣੇ ਨਾਂ ਨਾਲ ਨਫ਼ਰਤ, ਮੁਹੱਬਤ ਇਕ ਹਾਦਸਾ

3. ਬਿਜਲੌਨਿਕ ਪੱਤਰਕਾਰੀ ਉਪਰ ਵਿਚਾਰ ਕਰੋ। 15

**ਜਾਂ**

ਮੀਡੀਆ ਤਕਨਾਲੋਜੀ ਤੋਂ ਕੀ ਭਾਵ ਹੈ? ਵੇਰਵੇ ਸਹਿਤ ਚਰਚਾ ਕਰੋ।

P.T.O.

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ ਦੋ ਦਾ ਸੰਖੇਪ ਉੱਤਰ ਦਿਉ: 10

(ੳ) ਪੰਜਾਬੀ ਪ੍ਰਿੰਟ ਮੀਡੀਆ ਦੀਆ ਸਮੱਸਿਆਵਾਂ ਤੇ ਹੱਲ ਉਪਰ ਸੰਖੇਪ ਨੋਟ ਲਿਖੋ।

(ਅ) ਖ਼ਬਰੀ ਏਜੰਸੀਆਂ ਜਾਂ ਸੰਸਥਾਵਾਂ ਬਾਰੇ ਤੁਸੀਂ ਕੀ ਜਾਣਦੇ ਹੋ?

(ੲ) ਹੇਠ ਲਿਖੇ ਸ਼ਬਦਾਂ ਵਿਚੋਂ ਕੋਈ **ਪੰਜ** ਸ਼ਬਦਾਂ ਦੀ ਪਰਿਭਾਸ਼ਾ ਦਿਉ।

Pan, Run, Studio, Revise, Slug, Title Song, Video

5. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ - 5

ਸਹਿਗਲ ਐਕਟਿੰਗ ਕਰਨ ਲਈ ਕਿਤਾਬਾਂ ਨਹੀ ਸੀ ਪੜ੍ਹਦਾ, ਜ਼ਿੰਦਗੀ ਤੱਕਦਾ ਸੀ। ਜ਼ਿੰਦਗੀ ਦੇ ਵੱਡੇ ਸਟੇਜ 'ਤੇ ਖੇਡਦੇ ਪਾਤਰਾਂ ਨੂੰ ਤੱਕਦਾ ਸੀ। ਉਹ ਸਮਾਜ ਦੇ ਹੇਠਲੇ ਤਬਕੇ ਦੀਆਂ ਸਰਾਵਾਂ, ਤਨੂਰਾਂ, ਢਾਬਿਆਂ ਤੇ ਸ਼ਰਾਬ ਘਰਾਂ ਵਿਚ ਜਾਂਦਾ ਸੀ, ਜਿੱਥੇ ਜ਼ਿੰਦਗੀ 'ਤੋਂ ਧੱਕੇ-ਟੁਟੇ ਲੋਕ ਸ਼ਰਾਬ ਪੀ ਕੇ, ਭੰਗ ਘੋਟ ਕੇ, ਜੂਆ ਖੇਡ ਕੇ ਤੇ ਬੀੜੀਆਂ ਫੂਕ ਕੇ, ਜ਼ਿੰਦਗੀ ਦੀ ਹਾਰੀ ਬਾਜ਼ੀ ਨੂੰ ਜਿੱਤਣ ਦਾ ਯਤਨ ਕਰਦੇ ਸਨ। ਕਿਸੇ ਵਿਦਵਾਨ ਵਾਂਗ, ਅਲਸਾਏ ਹੋਏ, ਅਧਵਾਟੇ ਨਹੀਂ ਲਮਕਦੇ ਸਗੋਂ ਜ਼ਿੰਦਗੀ 'ਤੇ ਕਿਸੇ ਹੋਰ ਪਾਸਿਓ, ਹੱਲਾ ਬੋਲ ਕੇ ਜਿਉਣਾ ਚਾਹੁੰਦੇ ਹਨ। ਇਹ ਪਾਤਰ ਉਸ ਦੇ ਦਿਲ ਵਿਚ ਵਸਦੇ ਹਨ। ਇਨ੍ਹਾਂ ਦੀਆਂ ਆਦਤਾਂ ਤੇ ਹਰਕਤਾਂ 'ਤੋਂ ਪੂਰੀ ਤਰ੍ਹਾਂ ਜਾਣੂ ਹੋਣ ਕਰਕੇ ਉਹ ਫ਼ਿਲਮ ਵਿੱਚ ਅਜਿਹੇ ਪਾਰਟ ਖ਼ੂਬ ਨਿਭਾਉਂਦਾ ਸੀ।

(ੳ) ਸਹਿਗਲ ਐਕਟਿੰਗ ਕਰਨ ਲਈ ਕੀ ਕਰਦਾ ਸੀ?

(ਅ) ਸਹਿਗਲ ਕਿਹੋ ਜਿਹੇ ਪਾਤਰਾਂ ਨੂੰ ਪਸੰਦ ਕਰਦਾ ਸੀ?

(ੲ) ਸਹਿਗਲ ਕਿਸ ਤਰ੍ਹਾਂ ਦੇ ਪਾਰਟ ਨਿਭਾਉਂਦਾ ਸੀ?

(ਸ) ਪੈਰੇ ਵਿਚ ਲਕੀਰੇ ਸ਼ਬਦ ਦਾ ਅਰਥ ਦੱਸੋ।

(ਹ) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ।

6. ਆਪਣੇ ਕਾਲਜ ਵਿਚ ਹੋਏ ਕਵੀ ਦਰਬਾਰ ਬਾਰੇ ਰਿਪੋਰਟ ਤਿਆਰ ਕਰੋ। 5

7. ਵਿਅੰਜਨ, ਸਵਰ ਦੀ ਪਰਿਭਾਸ਼ਾ ਦੇ ਕੇ ਇਸ ਦੀਆਂ ਕਿਸਮਾਂ ਦੱਸੋ। 5

8. ਜੀਵਨ ਦੀ ਕਿਸੇ ਦਿਲਚਸਪ ਘਟਨਾਂ ਨੂੰ ਸੰਵਾਦ ਰੂਪ ਵਿਚ ਲਿਖੋ। 10